Punjabi

# ਕੀ ਤੁਹਾਨੂੰ ਆਪਣੇ ਵਿੱਤੀ ਸੇਵਾ ਪ੍ਰਦਾਤਾ ਨਾਲ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਇਤਾ ਦੀ ਲੋੜ ਹੈ?

FOS ਆਸਟਰੇਲੀਆ ਖਪਤਕਾਰਾਂ ਦੇ ਝਗੜਿਆਂ ਦਾ ਹੱਲ ਕਰਨ ਲਈ ਮੁਫ਼ਤ ਅਤੇ ਸੁਤੰਤਰ ਸੇਵਾਵਾਂ ਪੇਸ਼ ਕਰਦਾ ਹੈ।

FOS FINANCIAL OMBUDSMAN SERVICE AUSTRALIA

## FOS ਕਿਸ ਤਰਾਂ ਦੀਆਂ ਸਮੱਸਿਆ ਵਿਚ ਮਦਦ ਕਰਦਾ ਹੈ?

- ਬੈਂਕਿੰਗ ਅਤੇ ਵਿੱਤੀ
- ਉਧਾਰ
- ਘਰ, ਸਮਾਨ, ਯਾਤਰਾ ਅਤੇ ਜੀਵਨ ਬੀਮਾ ਆਦਿ
- ਵਿੱਤੀ ਯੋਜਨਾਬੰਦੀ
- ਬੀਮਾ
- ਨਿਵੇਸ਼
- ਪਰਬੰਧਿਤ ਫੰਡ
- ਜਮਾਂ ਪੂਲ ਸੇਵਾ-ਮੁਕਤੀ ਫੰਡ ਅਤੇ ਹੋਰ

ਅਸੀਂ ਮਦਦ ਕਰ ਸਕਦੇ ਹਾਂ, ਜੇਕਰ ਤੁਹਾਡਾ ਵਿੱਤੀ ਸੇਵਾ ਪ੍ਰਦਾਤਾ FOS ਦਾ ਮੈਂਬਰ ਹੈ। ਸਾਡੀ ਵੈਬਸਾਈਟ ਤੇ ਜਾ ਕੇ ਚੈੱਕ ਕਰੋ: **www.fos.org.au/member**

## ਸਮੱਸਿਆ ਕਿੱਦਾਂ ਸੁਲਝਾਈਏ?

### ਪਹਿਲਾ ਕਦਮ

ਆਪਣੇ ਵਿੱਤੀ ਸੇਵਾ ਪ੍ਰਦਾਤਾ ਨੂੰ ਦੱਸੋ - ਬਹੁਤ ਸਾਰੀਆਂ ਸਮੱਸਿਆਵਾਂ ਨੂੰ ਇਸ ਤਰੀਕੇ ਨਾਲ ਹੱਲ ਕੀਤਾ ਜਾਂਦਾ ਹੈ।

### ਦੂਜਾ ਕਦਮ

ਫਿਰ ਵੀ ਖੁਸ਼ ਨਹੀ? FOS ਨੂੰ ਸੰਪਰਕ ਕਰੋ।

### ਤੀਜਾ ਕਦਮ

ਅਸੀ ਸਿੱਧੇ ਹੀ ਤੁਹਾਨੂੰ ਅਤੇ ਤੁਹਾਡੇ ਵਿੱਤੀ ਸੇਵਾ ਪ੍ਰਦਾਤਾ ਨੂੰ ਇਕ ਨਿਰਪੱਖ ਸਮਝੌਤੇ ਤੇ ਪਹੁੰਚਣ ਵਿਚ ਮਦਦ ਕਰਾਂਗੇ।

ਜੇਕਰ ਤੁਸੀਂ ਅਤੇ ਤੁਹਾਡੇ ਵਿੱਤੀ ਸੇਵਾ ਪ੍ਰਦਾਤਾ ਸਮਝੌਤੇ ਤੇ ਨਾਂ ਪਹੁੰਚ ਸਕਣ ਤਾਂ ਅਸੀਂ ਕਾਨੂੰਨ, ਕੋਡ ਆਫ ਪਰੈਕਟਸ ਅਤੇ ਦੋਨੋ ਧਿਰਾਂ ਵਲੋਂ ਦਿਤੀ ਜਾਣਕਾਰੀ ਨੂੰ ਧਿਆਨ ਵਿਚ ਰੱਖ ਕੇ ਫੈਸਲਾ ਕਰ ਦਿਆਂਗੇ।

# ਕੀ ਤੁਹਾਨੂੰ ਸਾਡੀ ਸੇਵਾ ਵਰਤਣ ਲਈ ਸਹਾਇਤਾ ਦੀ ਲੋੜ ਹੋਵੇਗੀ?

**ਦੁਭਾਸ਼ੀਆ ਸੇਵਾ**

ਜੇਕਰ ਅੰਗ੍ਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਤਾਂ ਅਸੀਂ ਮੁਫ਼ਤ ਦੁਭਾਸ਼ੀਆ ਸੇਵਾ ਦਾ ਪ੍ਰਬੰਧ ਕਰ ਸਕਦੇ ਹਾਂ।

**131 450** ਨੰਬਰ ਤੇ ਫੋਨ ਕਰਕੇ ਮੁਫਤ ਦੁਭਾਸ਼ੀਆ ਸੇਵਾ ਲਵੋ ਜਾਂ ਸਾਨੂੰ **1800 367 287** ਨੰਬਰ ਤੇ ਫੋਨ ਕਰੋ ਅਤੇ ਅਸੀਂ ਤੁਹਾਡੇ ਵਾਸਤੇ ਦੁਭਾਸ਼ੀਏ ਦਾ ਪ੍ਰਬੰਧ ਕਰਾਂਗੇ।

FOS ਨੂੰ ਸ਼ਿਕਾਇਤ ਮੁਫਤ ਹੈ, ਤੁਹਾਨੂੰ ਆਪਣੀ ਸਹਾਇਤਾ ਲਈ ਕਿਸੇ ਨੂੰ ਭੁਗਤਾਨ ਕਰਨ ਦੀ ਲੋੜ ਨਹੀਂ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਮਦਦ ਲਈ ਕਿਸੇ ਦੀ ਲੋੜ ਹੋ ਸਕਦੀ ਹੈ ਤਾਂ ਹੋ ਸਕਦਾ ਹੈ ਕਿ ਤੁਸੀਂ ਮੁਫ਼ਤ ਕਾਨੂੰਨੀ ਸਹਾਇਤਾ ਜਾਂ ਵਿੱਤੀ ਸਲਾਹ ਸਹਾਇਤਾ ਲਈ ਯੋਗਤਾ ਪੂਰੀ ਕਰ ਸਕਦੇ ਹੋਵੋ।

**www.nationallegalaid.org** ਵੈੱਬਸਾਈਟ ਤੇ ਜਾਓ ਜਾਂ ਹੋਰ ਜਾਣਕਾਰੀ ਵਾਸਤੇ ਹੇਠ ਲਿਖੀ ਵੈੱਬਸਾਈਟ ਤੇ ਜਾਓ: **www.financialcounsellingaustralia.org**

# ਚੈੱਕਲਿਸਟ

FOS: ਕੋਲ ਜਾਣ ਲਈ ਇਥੇ ਕੁਝ ਗੱਲਾਂ ਅੱਗੇ ਵਿਚਾਰ ਕਰਨ ਲਈ ਹਨ।

- ☐ ਕੀ ਤੁਸੀਂ ਆਪਣੇ ਵਿੱਤੀ ਸੇਵਾ ਪ੍ਰਦਾਤਾ ਕੋਲ ਸ਼ਿਕਾਇਤ ਕੀਤੀ ਹੈ?
- ☐ ਕੀ ਤੁਸੀਂ ਆਪਣੇ ਵਿੱਤੀ ਸੇਵਾ ਪ੍ਰਦਾਤਾ ਨੂੰ ਜਵਾਬ ਦੇਣ ਲਈ 45 ਦਿਨ ਦਿੱਤੇ ਹਨ? (ਵਿੱਤੀ ਔਖ ਦੀਆਂ ਮੁਸ਼ਕਿਲਾਂ ਵਾਸਤੇ 21 ਦਿਨ)
- ☐ ਕੀ ਵਿੱਤੀ ਸੇਵਾ ਪ੍ਰਦਾਤਾ FOS ਦਾ ਮੈਂਬਰ ਹੈ?
- ☐ ਕੀ ਤੁਹਾਡਾ ਵਿੱਤੀ ਸੇਵਾ ਪ੍ਰਦਾਤਾ ਤੁਹਾਡੇ ਖਿਲਾਫ ਕਨੂੰਨੀ ਕਾਰਵਾਈ ਕਰ ਰਿਹਾ ਹੈ? ਜੇਕਰ ਹਾਂ, ਤਾਂ ਹੁਣੇ ਐਫ ਓ ਐਸ ਨਾਲ ਸੰਪਰਕ ਕਰੋ।

# ਸਾਡੇ ਨਾਲ ਸੰਪਰਕ ਕਰੋ

www.fos.org.au

info@fos.org.au

ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9.00 ਵਜੇ ਤੋਂ 5.00 ਸ਼ਾਮ ਵਜੇ ਤੱਕ 1800 367 287 ਨੰਬਰ ਤੇ ਫੋਨ ਕਰੋ

Financial Ombudsman Service
GPO Box 3, Melbourne VIC 3001

NATIONAL RELAY SERVICE

ਜੇਕਰ ਤੁਸੀਂ ਬੋਲੇ ਹੋ, ਜਾਂ ਸੁਣਾਈ ਨਹੀਂ ਦਿੰਦਾ ਜਾਂ ਬੋਲਣ ਵਿਚ ਕਮਜ਼ੋਰੀ ਹੈ, ਸਾਡੇ ਨਾਲ ਨੈਸ਼ਨਲ ਰਿਲੇਅ ਸੇਵਾ ਦੁਆਰਾ ਸੰਪਰਕ ਕਰੋ। **www.relayservice.gov.au**

**ਦੁਭਾਸ਼ੀਆ ਸੇਵਾ ਲਈ 131 450 ਨੰਬਰ ਤੇ ਫੋਨ ਕਰੋ**

ਅਸੀ ਕਾਨੂੰਨੀ ਜਾਂ ਵਿੱਤੀ ਸਲਾਹ ਮੁਹੱਈਆ ਨਹੀਂ ਕਰਦੇ। ਖਪਤਕਾਰ ਵਕਾਲਤ ਦਾ ਵੇਰਵਾ ਅਤੇ ਕਾਨੂੰਨੀ ਸੇਵਾਵਾਂ ਸਾਡੀ ਵੈਬਸਾਈਟ ਤੇ ਉਪਲਬਧ ਹਨ। **www.fos.org.au**